# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ,

ਫ਼ਤਹਿਗੜ੍ਹ ਸਾਹਿਬ - 140406

(ਪੰਜਾਬ ਸਟੇਟ ਐਕਟ ਨੰ: 20/2008 ਤਹਿਤ ਸਥਾਪਤ ਅਤੇ ਯੂ.ਜੀ.ਸੀ. ਐਕਟ ਦੀ ਧਾਰਾ 2(f) ਅਧੀਨ ਮਾਨਤਾ ਪ੍ਰਾਪਤ)

**(ਰਜਿਸਟਰਾਰ ਦਫ਼ਤਰ)**

ਹਵਾਲਾ ਨੰ:ਸ.ਗ.ਗ.ਸ.ਵ.ਯ./ਰਜਿ./1034 ਮਿਤੀ: 01-10-2021

## ਨੋਟਿਸ

ਯੂਨੀਵਰਸਿਟੀ ਵਿਖੇ ਚੱਲ ਰਹੇ ਵੱਖ-ਵੱਖ ਕੋਰਸਾਂ ਸੰਬੰਧੀ ਅਨੁਪੂਰਕ ਪ੍ਰੀਖਿਆਵਾਂ ਲਈ ਜਨਵਰੀ, 2022 **ODD** ਸਮੈਸਟਰ ਦੇ ਰੀ-ਅਪੀਅਰ ਦੇ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਲਈਆਂ ਜਾ ਰਹੀਆਂ ਹਨ। ਜਿਨ੍ਹਾਂ ਵਿਦਿਆਰਥੀਆਂ ਦੇ ਲੈਬ ਕੋਰਸ ਹਨ ਉਨ੍ਹਾਂ ਲਈ ਪ੍ਰੀਖਿਆ ਫੀਸ 2000/- ਰੁਪਏ ਅਤੇ ਬਿਨਾਂ ਲੈਬ ਕੋਰਸਾਂ ਦੀ ਪ੍ਰੀਖਿਆ ਫੀਸ 1800/- ਰੁਪਏ ਹੋਵੇਗੀ। ਜਿਹੜੇ ਵਿਦਿਆਰਥੀ ਆਪਣੇ ਦੋ ਰੀ-ਅਪੀਅਰ ਦੇ ਮਿਲਦੇ ਮੌਕਿਆਂ ਵਿਚ ਆਪਣੀ **ODD** ਸਮੈਸਟਰ ਦੀ ਰੀ-ਅਪੀਅਰ ਪ੍ਰੀਖਿਆ ਪਾਸ ਨਹੀਂ ਕਰ ਸਕੇ ਉਨ੍ਹਾਂ ਵਿਦਿਆਰਥੀਆਂ ਨੂੰ ਉਪਰੋਕਤ ਪ੍ਰੀਖਿਆ ਵਿਚ ਬਣਦੀ ਪ੍ਰੀਖਿਆ ਫੀਸ ਤੋਂ ਇਲਾਵਾ 5000/-ਰੁਪਏ ਵਾਧੂ ਫੀਸ ਨਾਲ ਗੋਲਡਨ ਚਾਂਸ ਅਤੇ ਜਿਹੜੇ ਵਿਦਿਆਰਥੀ ਗੋਲਡਨ ਚਾਂਸ ਲੈ ਚੁੱਕੇ ਹਨ ਭਾਵ ਤਿੰਨ ਰੀ-ਅਪੀਅਰ ਦੇ ਮੌਕੇ ਲੈਣ ਦੀ ਬਾਵਜੂਦ ਰੀ-ਅਪੀਅਰ ਪ੍ਰੀਖਿਆ ਪਾਸ ਨਹੀਂ ਕਰ ਸੱਕੇ ਉਹਨਾਂ ਵਿਦਿਆਰਥੀਆਂ ਨੂੰ 10,000/-ਰੁਪਏ ਵਾਧੂ ਫੀਸ ਨਾਲ ਮਰਸੀ ਚਾਂਸ ਦਿੱਤਾ ਜਾਂਦਾ ਹੈ। ਵਿਦਿਆਰਥੀ ਫੀਸ ਜਮ੍ਹਾਂ ਕਰਵਾ ਕੇ ਆਪਣੇ ਰੀ-ਅਪੀਅਰ ਪ੍ਰੀਖਿਆ ਫਾਰਮ ਈ.ਆਰ.ਪੀ. ਸਿਸਟਮ ਤੇ ਆਨਲਾਈਨ ਭਰਨਗੇ ਅਤੇ ਫੀਸ ਦੀ ਰਸੀਦ ਆਪਣੇ ਵਿਭਾਗ ਵਿਚ ਜਮ੍ਹਾਂ ਕਰਵਾਉਣਗੇ। ਵਿਭਾਗ ਮੁਖੀ ਫਾਰਮ ਤਸਦੀਕ ਕਰਕੇ ਕੋਰਸ ਅਨੁਸਾਰ ਸਮੂਹ ਫਾਰਮ ਹੇਠ ਲਿਖੀਆਂ ਨਿਰਧਾਰਿਤ ਤਰੀਖਾਂ ਅਨੁਸਾਰ ਪ੍ਰੀਖਿਆ ਸ਼ਾਖਾ ਵਿਖੇ ਜਮ੍ਹਾਂ ਕਰਵਾਉਣ:

| **ਰੀ-ਅਪੀਅਰ / ਗੋਲਡਨ / ਮਰਸੀ ਚਾਂਸ ਪਹਿਲੇ, ਤੀਜੇ, ਪੰਜਵੇਂ, ਸੱਤਵੇਂ ਅਤੇ ਨੌਵੇਂ ਸਮੈਸਟਰ ਦੇ ਵਿਦਿਆਰਥੀਆਂ ਲਈ:** | | |
|---|---|---|
| 1. | ਪ੍ਰੀਖਿਆ ਫਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ: | 22/10/2021 |
| 2. | 500/- ਲੇਟ ਫੀਸ ਨਾਲ | 29/10/2021 |
| 3. | 1000/- ਲੇਟ ਫੀਸ ਨਾਲ | 05/11/2021 |
| 4. | 2000/- ਲੇਟ ਫੀਸ ਨਾਲ | 12/11/2021 |
| 5. | 3000/- ਲੇਟ ਫੀਸ ਨਾਲ | 19/11/2021 |
| 6. | 5000/- ਲੇਟ ਫੀਸ ਨਾਲ | 26/11/2021 |
| 7. | 10000/- ਲੇਟ ਫੀਸ ਨਾਲ | ਪ੍ਰੀਖਿਆ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾ ਤੱਕ |

ਨੋਟ: 1. ਬੈਚ 2018 ਤੋਂ ਪਹਿਲਾਂ ਦੇ ਵਿਦਿਆਰਥੀ ਰੀ-ਅਪੀਅਰ-I ਅਤੇ ਰੀ-ਅਪੀਅਰ-II ਲਈ ਆਪਣਾ ਪ੍ਰੀਖਿਆ ਫ਼ਾਰਮ ਪ੍ਰੀਖਿਆ ਸ਼ਾਖਾ ਪਾਸੋਂ (ਰੂਮ ਨੰ: 500)ਵਿਚੋਂ ਪ੍ਰਾਪਤ ਕਰ ਸਕਦੇ ਹਨ ਅਤੇ ਬੈਚ 2018 ਤੋਂ ਬਾਅਦ ਵਾਲੇ ਵਿਦਿਆਰਥੀ ਆਪਣਾ ਪ੍ਰੀਖਿਆ ਫਾਰਮ ਈ.ਆਰ.ਪੀ. ਸਿਸਟਮ ਤੇ ਆਨਲਾਈਨ ਭਰਨਗੇ। ਉਪਰੋਕਤ ਸਾਰੇ ਬੈਚਾਂ ਦੇ ਭਰੇ ਗਏ ਫਾਰਮਾਂ ਦੀ ਵਿਭਾਗ ਮੁਖੀ ਵੱਲੋਂ ਤਸਦੀਕਸ਼ੁਦਾ ਕਾਪੀ, ਸਬੰਧਤ ਵਿਭਾਗ ਵੱਲੋਂ ਮਿਤੀ 22/10/2021 ਤੱਕ ਪ੍ਰੀਖਿਆ ਸ਼ਾਖਾ ਵਿਖੇ ਜਮ੍ਹਾਂ ਕਰਵਾਈ ਜਾਵੇ। ਮਿਤੀ 22/10/2021 ਤੋਂ ਬਾਅਦ

ਪ੍ਰੀਖਿਆ ਸ਼ਾਖਾ ਵਿਚ ਜਮ੍ਹਾਂ ਕਰਵਾਏ ਜਾਣ ਵਾਲੇ ਫਾਰਮਾਂ ਉੱਪਰ ਦਿੱਤੀ ਮਿਤੀਆਂ ਅਨੁਸਾਰ ਨਿਰਧਾਰਤ ਕੀਤੇ ਗਏ ਫਾਈਨ ਨਾਲ ਹੀ ਜਮ੍ਹਾਂ ਕੀਤੇ ਜਾਣਗੇ।

2. ਵਿਦਿਆਰਥੀਆਂ ਵੱਲੋਂ ਸਿੱਧੇ ਭੇਜੇ ਗਏ ਰੈਗੂਲਰ/ਰੀ-ਅਪੀਅਰ ਦੇ ਪ੍ਰੀਖਿਆ ਫਾਰਮ ਪ੍ਰੀਖਿਆ ਸ਼ਾਖਾ ਵੱਲੋਂ ਜਮ੍ਹਾਂ ਨਹੀਂ ਕੀਤੇਂ ਜਾਣਗੇ।

ਪਰਿਤ ਪਾਲ ਸਿੰਘ 01/10/2021
ਰਜਿਸਟਰਾਰ

ਉਤਾਰਾ:

1. ਡੀਨ ਅਕਾਦਮਿਕ ਮਾਮਲੇ
2. ਵਿੱਤ ਅਫ਼ਸਰ, ਲੇਖਾ ਸ਼ਾਖਾ
3. ਡਿਪਟੀ ਰਜਿਸਟਰਾਰ (ਪ੍ਰੀਖਿਆਵਾਂ)
4. ਮੁਖੀ/ਇੰਚਾਰਜ, ਅਧਿਆਪਨ ਵਿਭਾਗ
5. ਇੰਚਾਰਜ, ਈ.ਆਰ.ਪੀ.
6. ਵਾਈਸ-ਚਾਂਸਲਰ ਸਾਹਿਬ ਦੇ ਨਿੱਜੀ ਸਹਾਇਕ: ਵਾਈਸ-ਚਾਂਸਲਰ ਸਾਹਿਬ ਜੀ ਦੀ ਜਾਣਕਾਰੀ ਹਿੱਤ